# PROSPECTUS

Session 2017-18

## BABA PARMANAND KANYA MAHAVIDYALYA JAKHEPAL (SANGRUR)








ड्र2ड्र2 थ्रह्ल2तुल्ल ग्रल्हतु2 दृढ2द्व1द्व्म2द्दव्व2, ज्व्य4श्रद्य ( ह्यल्हहह)

ਫੋਨ : 01676-288723, 288148



108 ਸੰਤ ਸ੍ਰੀਮਾਨ
ਬਾਬਾ ਪਰਮਾਨੰਦ ਜੀ

ੴ

ਸਵੈਯਾ

ਪਾਤਸ਼ਾਹੀ ੧੦ਵੀਂ

ਦੇਹ ਸ਼ਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ ॥

ਨ ਡਰੋਂ ਅਰਿ ਸੋਂ ਜਬ ਜਾਇ ਲਰੋਂ
ਨਿਸਚੈ ਕਰ ਅਪੁਨੀ ਜੀਤ ਕਰੋਂ ॥

ਅਰੁ ਸਿਖ ਹੋਂ ਆਪਨੇ ਹੀ ਮਨ ਕੋ
ਇਹ ਲਾਲਚ ਹਉ ਗੁਨ ਤਉ ਉਚਰੋਂ ॥

ਜਬ ਆਵ ਕੀ ਅਉਧ ਨਿਧਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ ॥

-ਸ੍ਰੀ ਗੁਰੂ ਗੋਬਿੰਦ ਸਿੰਘ ਜੀ

"ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨੁ ॥"

-ਸ੍ਰੀ ਗੁਰੂ ਨਾਨਕ ਦੇਵ ਜੀ

"ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥"

-ਸ੍ਰੀ ਗੁਰੂ ਨਾਨਕ ਦੇਵ ਜੀ



108 ਸੰਤ ਸ੍ਰੀਮਾਨ
ਬਾਬਾ ਕ੍ਰਿਸ਼ਨ ਦਾਸ ਜੀ

# ਸੰਦੇਸ਼



**ਚੇਅਰਮੈਨ ਬਾਬਾ ਰਤਨਦਾਸ ਜੀ**

ਸੰਤ ਕ੍ਰਿਸ਼ਨ ਦਾਸ ਜੀ ਮਹਾਰਾਜ ਨੇ ਇਹ ਸੰਸਥਾ ਸਥਾਪਿਤ ਕਰਕੇ ਦਿਹਾਤੀ ਲੋਕਾਂ ਨੂੰ ਇੱਕ ਅਨਮੁੱਲਾ ਤੋਹਫਾ ਦਿੱਤਾ । ਇਸ ਸੰਸਥਾ ਨੇ ਪਿੰਡਾਂ ਦੀਆਂ ਬੱਚੀਆਂ ਨੂੰ ਆਧੁਨਿਕ ਸਿੱਖਿਆ ਦੇ ਮੌਕੇ ਪ੍ਰਦਾਨ ਕੀਤੇ ਹਨ । ਇਹ ਸੰਸਥਾ ਇਲਾਕੇ ਦੇ ਲਈ ਇੱਕ ਵਰਦਾਨ ਸਾਬਿਤ ਹੋਈ ਹੈ । ਸੰਤ ਕ੍ਰਿਸ਼ਨ ਦਾਸ ਜੀ ਮਹਾਰਾਜ ਦੇ ਸੇਵਕ ਹੋਣ ਦੇ ਨਾਤੇ ਮੈਂ ਇੱਕ ਅਜਿਹਾ ਕਾਲਜ ਸਥਾਪਿਤ ਕਰਨ ਦਾ ਸੁਪਨਾ ਦੇਖਿਆ ਜਿੱਥੇ ਵਿਦਿਆਰਥਣਾਂ ਪਰੰਪਰਾਵਾਂ ਅਤੇ ਸੰਸਕ੍ਰਿਤੀ ਦੇ ਨਾਲ ਮਿਸ਼ਰਿਤ ਪਰੰਪਰਾਗਤ ਅਧਾਰ 'ਤੇ ਅਧਾਰਿਤ ਆਧੁਨਿਕ ਅਤੇ ਵਿਗਿਆਨਿਕ ਸਿੱਖਿਆ ਪ੍ਰਾਪਤ ਕਰ ਸਕਣ । ਮੇਰਾ ਵਿਸ਼ਵਾਸ ਹੈ ਕਿ ਸਾਡੇ ਨੌਜਵਾਨ ਸਾਡੇ ਦੇਸ਼ ਦਾ ਭਵਿੱਖ ਹਨ। ਇੱਕ ਦੇਸ਼ ਦੀ ਤਰੱਕੀ ਇਸਦੇ ਨੌਜਵਾਨਾਂ ਉੱਤੇ ਨਿਰਭਰ ਕਰਦੀ ਹੈ। ਸਾਡਾ ਦੇਸ਼ ਤਾਂ ਹੀ ਤੇਜ ਵਿਕਾਸ ਕਰੇਗਾ ਜੇ ਸਾਡੇ ਨੌਜਵਾਨ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਜ਼ਬੂਤ ਹੋਣਗੇ । ਵਿਦਿਆਰਥੀਆਂ ਦਾ ਵਿਸ਼ਵਾਸ ਹੈ ਕਿ ਸੰਤ ਕ੍ਰਿਸ਼ਨ ਦਾਸ ਜੀ ਮਹਾਰਾਜ ਨੇ ਇਸ ਕਾਲਜ ਦੀ ਬੁਨਿਆਦ ਰੱਖ ਕੇ ਦਿਹਾਤੀ ਲੋਕਾਂ ਨੂੰ ਇੱਕ ਵਿਲੱਖਣ ਦਾਤ ਪ੍ਰਦਾਨ ਕੀਤੀ ਹੈ । ਇਸ ਸੰਸਥਾ ਨੇ ਇਲਾਕੇ ਦੇ ਬੱਚਿਆਂ ਲਈ ਆਧੁਨਿਕ ਸਿੱਖਿਆ ਪ੍ਰਾਪਤ ਕਰਨ ਦੇ ਦਰਵਾਜੇ ਖੋਲ ਦਿੱਤੇ ਹਨ । ਇੱਥੇ ਵਿਦਿਆਰਥੀਆਂ ਨੂੰ ਵਿੱਦਿਅਕ ਗਿਆਨ ਦੇ ਨਾਲ-ਨਾਲ ਨੈਤਿਕ ਮੁੱਲ ਵੀ ਦਿੱਤੇ ਜਾਂਦੇ ਹਨ । ਮੇਰਾ ਇਹ ਉਦੇਸ਼ ਹੈ ਕਿ ਵਿਦਿਆਰਥੀਆਂ ਨੂੰ ਚੰਗੇ ਇਨਸਾਨ ਅਤੇ ਨਾਗਰਿਕ ਬਣਾਇਆ ਜਾਵੇ ਤਾਂ ਜੋ ਉਹਨਾਂ ਨੂੰ ਸਮਾਜ ਵਿਚ ਚੰਗੇ ਗੁਣਾਂ ਨਾਲ ਸਵੀਕਾਰ ਕੀਤਾ ਜਾਵੇ । ਉਹ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਿਆ ਦਾ ਹਿੱਸਾ ਬਣਨ ਤੇ ਆਪਣੇ ਆਪ ਉੱਤੇ ਮਾਣ ਮਹਿਸੂਸ ਕਰਨ । ਜਦੋਂ ਉਹ ਇੱਥੋਂ ਬਾਹਰ ਜਾਣ ਤਾਂ ਉਹ ਆਪਣੇ ਕੈਰੀਅਰ ਦੀ ਮਜ਼ਬੂਤ ਇਮਾਰਤ ਖੜੀ ਕਰ ਸਕਣ।



**ਮੈਨੇਜਰ ਬਾਬਾ ਪ੍ਰੀਤਮ ਦਾਸ ਜੀ**

ਮੈਨੂੰ ਇਹ ਕਹਿਣ 'ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਿਆ ਚੰਗੇ ਸਮਾਜ ਦੀ ਸਿਰਜਣਾ ਕਰਨ ਵਾਲੀ ਅਸਲੀ ਨਰਸਰੀ ਹੈ । ਇਹ ਸੰਸਥਾ ਇੱਕ ਪੇਂਡੂ ਸੰਸਥਾ ਹੋਣ ਦੇ ਬਾਵਜੂਦ ਵੀ ਲੜਕੀਆਂ ਨੂੰ ਅਜਿਹੀ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ ਜੋ ਉਹਨਾਂ ਨੂੰ ਆਤਮ ਨਿਰਭਰ ਹੋਣ ਲਈ ਮੀਲ ਪੱਥਰ ਸਾਬਿਤ ਹੋਵੇਗੀ । ਆਧੁਨਿਕ ਮੁਕਾਬਲੇ ਦੇ ਯੁੱਗ ਵਿਚ ਸਫਲਤਾ ਪੂਰਵਕ ਪ੍ਰਦਰਸ਼ਨ ਕਰਨ ਲਈ ਸਾਨੂੰ ਲਗਾਤਾਰ ਨਵੀਨਤਾ ਨੂੰ ਅਪਣਾਉਣਾ ਹੋਵੇਗਾ ਅਤੇ ਨਿਰੰਤਰ ਸਿੱਖਣ ਦੇ ਮਾਧਿਅਮ ਤੋਂ ਹਰ ਸਮੇਂ ਗਿਆਨ ਅਤੇ ਹੁਨਰ ਵਿੱਚ ਨਵੀਨਤਾ ਲਿਆਉਣ ਲਈ ਤਿਆਰ ਰਹਿਣਾ ਹੋਵੇਗਾ ।

ਅਸੀਂ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਾ ਜਖੇਪਲ ਵਿਖੇ ਅਜਿਹੇ ਪੇਸ਼ੇਵਰ ਵਿਦਿਆਰਥੀ ਪੈਦਾ ਕਰਦੇ ਹਾਂ ਜੋ ਆਪਣੇ ਹੁਨਰ, ਗਿਆਨ ਸੱਭਿਆਚਾਰ ਅਤੇ ਆਤਮਵਿਸ਼ਵਾਸ ਨਾਲ ਉਭਰਦੀਆਂ ਹੋਈਆਂ ਪ੍ਰਵਿਰਤੀਆਂ ਦੇ ਲਈ ਖੁਦ ਨੂੰ ਅਪਨਾਉਣ 'ਤੇ ਆਪਣੇ ਚੁਣੇ ਹੋਏ ਪੇਸ਼ਿਆਂ ਵਿਚ ਸਮਾਯੋਜਿਤ ਹੋ ਸਕਣ । ਇਹ ਯਕੀਨੀ ਕਰਨ ਲਈ ਸਾਡੀ ਕੋਸ਼ਿਸ਼ ਹੈ ਕਿ ਹਰ ਵਿਦਿਆਰਥੀ ਦੀਆਂ ਜਰੂਰਤਾਂ 'ਤੇ ਉਮੀਦਾਂ ਪੂਰੀਆਂ ਹੋਣ । ਇਸ ਲਈ ਆਪਣੇ ਬੱਚਿਆਂ ਦੇ ਉੱਜਵਲ ਭਵਿੱਖ ਲਈ ਉਹਨਾਂ ਨੂੰ ਬਾਬਾ ਪਰਮਾਨੰਦ ਕੰਨਿਆ ਮਹਾਂਵਿਦਿਆਲਾ ਜਖੇਪਲ ਵਿਖੇ ਭੇਜੋ।



# ਹ੍ਰਖ੍ਰ4ਣ

ਸੰਤ ਬਾਬਾ ਪਰਮਾਨੰਦ ਜੀ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਧਰਤੀ 'ਤੇ ਮਾਲਵਾ ਖੇਤਰ ਦੇ ਇਸ ਵਿੱਦਿਅਕ ਅਦਾਰੇ ਦੀ ਇਲਾਕੇ ਵਿਚ ਇੱਕ ਵੱਖਰੀ ਪਹਿਚਾਣ ਹੈ । ਇਸ ਕਾਲਜ ਦੀ ਬਹੁਤ ਹੀ ਸੁੰਦਰ ਅਤੇ ਵਿਸ਼ਾਲ ਇਮਾਰਤ ਕੁਦਰਤੀ ਚੌਗਿਰਦੇ ਵਿੱਚ ਸਥਿਤ ਹੈ ।ਮੌਜੂਦਾ ਮਹੰਤ ਰਤਨਦਾਸ ਜੀ ਅਤੇ ਬਾਬਾ ਪ੍ਰੀਤਮ ਦਾਸ ਜੀ ਦੀ ਸੁਯੋਗ ਅਗਵਾਈ ਹੇਠ ਇਹ ਸੰਸਥਾ ਇਲਾਕੇ ਦੀਆਂ ਲੜਕੀਆਂ ਨੂੰ ਵਿਦਿਆ ਦਾ ਦਾਨ ਦੇ ਰਹੀ ਹੈ ।

ਸੰਤ ਪ੍ਰੀਤਮ ਦਾਸ ਜੀ ਦੀ ਅਣਥੱਕ ਮਿਹਨਤ ਸਦਕਾ ਅਤੇ ਸਮੂਹ ਨਗਰ ਨਿਵਾਸੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਇਹ ਸੰਸਥਾ ਇਲਾਕੇ ਦੀਆਂ ਮੋਹਰੀ ਸੰਸਥਾਵਾਂ ਵਿੱਚ ਆਪਣਾ ਨਾਮ ਦਰਜ ਕਰਾ ਚੁੱਕੀ ਹੈ । ਜੇਕਰ ਇਸ ਸੰਸਥਾ ਨੂੰ 'ਤ੍ਰਿਵੇਣੀ' ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ । ਕਿਉਂਕਿ ਇਸ ਸੰਸਥਾ ਵਿੱਚ ਪੜ੍ਹਾਈ ਦੇ ਨਾਲ-ਨਾਲ ਧਾਰਮਿਕ ਵਿਦਿਆ ਅਤੇ ਸਰੀਰਕ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ । ਇਸ ਸੰਸਥਾ ਦੇ ਖਿਡਾਰੀਆਂ ਨੇ ਨੈਸ਼ਨਲ ਪੱਧਰ ਤੱਕ ਮੱਲ੍ਹਾਂ ਮਾਰ ਕੇ ਇਸ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ ।

ਇਸ ਸੰਸਥਾ ਵਿੱਚ ਬੀ.ਏ., ਬੀ.ਕਾਮ., ਬੀ.ਸੀ.ਏ, ਪੀ.ਜੀ.ਡੀ.ਸੀ.ਏ. ਆਦਿ ਕੋਰਸ ਸਫਲਤਾ ਪੂਰਵਕ ਚਲ ਰਹੇ ਹਨ । ਇਸ ਸਾਲ ਤੋਂ ਐਮ.ਏ. ਪੰਜਾਬੀ ਅਤੇ ਐਮ.ਏ. ਹਿੰਦੀ ਦੇ ਕੋਰਸ ਸ਼ੁਰੂ ਕਰਨ ਦੀ ਪੂਰੀ ਸੰਭਾਵਨਾ ਹੈ । ਕਾਲਜ ਦੇ ਉੱਚ ਯੋਗਤਾ ਪ੍ਰਾਪਤ ਅਤੇ ਤਜਰਬੇਕਾਰ ਸਟਾਫ ਦੀ ਮਿਹਨਤ ਸਦਕਾ ਅਕਾਦਮਿਕ ਪੱਧਰ 'ਤੇ ਕਾਲਜ ਦੇ ਨਤੀਜੇ ਵਰਣਨਯੋਗ ਰਹੇ ਹਨ । ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਮੁੱਖ ਰੱਖਦਿਆਂ ਉਹਨਾਂ ਦਾ ਖੇਡਾਂ ਪ੍ਰਤੀ, ਸੱਭਿਆਚਾਰਕ, ਧਾਰਮਿਕ ਅਤੇ ਸਾਹਿਤਕ ਗਤੀਵਿਧੀਆਂ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ । ਕਾਲਜ ਮੈਗਜ਼ੀਨ 'ਨਵੀਂ ਉਮੰਗ' ਰਾਹੀਂ ਵਿਦਿਆਰਥੀਆਂ ਦੀ ਲਿਖਣ ਕਲਾ ਨੂੰ ਉਭਾਰਿਆ ਗਿਆ ਹੈ ।

ਅੰਤ ਵਿੱਚ ਮੈਂ ਕਾਲਜ ਵਿਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦਾ ਸਵਾਗਤ ਕਰਦਾ ਹਾਂ ਅਤੇ ਉਹਨਾਂ ਦੇ ਉਜੱਵਲ ਭਵਿੱਖ ਦੀ ਕਾਮਨਾ ਕਰਦਾ ਹਾਂ । ਆਸ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਹ ਵਿੱਦਿਅਕ ਸੰਸਥਾ ਇਲਾਕੇ ਲਈ ਇੱਕ ਚਾਨਣ ਮੁਨਾਰਾ ਸਿੱਧ ਹੋਵੇਗੀ ।

ਡਾ. ਉਂਕਾਰ ਸਿੰਘ
ਪ੍ਰਿੰਸੀਪਲ

## ਬਹੁਕਸ਼ੁ ਬ2ਬਫ਼ ਡ੍ਰ2ਣ4

ਬਾਬਾ ਪਰਮਾਨੰਦ ਕੰਨਿਆ ਮਹਾਵਿਦਿਆਲਿਆ ਦੀ ਮੈਨੇਜਮੈਂਟ 2001 ਤੋਂ ਬੱਚੀਆਂ ਨੂੰ 10+2 ਪੱਧਰ ਤੱਕ ਸਿੱਖਿਆ ਪ੍ਰਦਾਨ ਕਰ ਰਹੀ ਸੀ। 10+2 ਤੋਂ ਬਾਅਦ ਵਿਦਿਆਰਥਣਾਂ ਨੂੰ ਦੂਰ-ਦੁਰਾਡੇ ਦੇ ਕਾਲਜਾਂ ਵਿੱਚ ਪੜ੍ਹਨ ਜਾਣਾ ਪੈਂਦਾ ਸੀ। ਵਿਦਿਆਰਥਣਾਂ ਦੇ ਮਾਤਾ-ਪਿਤਾ ਨੇ ਕਈ ਵਾਰ ਆਪਣੀਆਂ ਇਹਨਾਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਸਮੂਹ ਮੈਨੇਜਮੈਂਟ ਅੱਗੇ ਬੇਨਤੀ ਕੀਤੀ ਸੀ । ਇਸ ਲਈ ਮੈਨੇਜਮੈਂਟ ਨੇ ਉਹਨਾਂ ਦੀਆਂ ਮੁਸ਼ਕਿਲਾਂ ਅਤੇ ਲੜਕੀਆਂ ਦੀ ਅਗਾਊਂ ਸਿੱਖਿਆ ਲਈ ਕਾਲਜ ਦੀ ਬਿਲਡਿੰਗ ਤਿਆਰ ਕੀਤੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਬੀ.ਏ., ਬੀ.ਕਾਮ, ਬੀ.ਸੀ.ਏ, ਪੀ.ਜੀ.ਡੀ.ਸੀ.ਏ, ਐਮ.ਏ. ਹਿੰਦੀ, ਐਮ.ਏ. ਪੰਜਾਬੀ ਦੇ ਕੋਰਸਾਂ ਦੀ ਮਾਨਤਾ ਦੇ ਕੇ ਬੱਚੀਆਂ ਨੂੰ ਅਗਲੇਰੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਬਖਸ਼ਿਆ । ਪ੍ਰਮਾਤਮਾ ਦੀ ਬਖਸ਼ਿਸ਼ ਸਦਕਾ ਉਪਰੋਕਤ ਸਾਰੇ ਕੋਰਸ ਸਫਲਤਾ ਪੂਰਵਕ ਚੱਲ ਰਹੇ ਹਨ ।



# Post Graduate Diploma in Computer Applications

**Eligibility :-**

Graduation in any discipline

**Subjects :-**

**Semester I**

PGDCA-101 Fundamentals of Information Technology
PGDCA-102 Operating System
PGDCA-103 Programming Fundamentals through "C" Language
PGDCA-104 Computer Organization and architecture
PGDCA-105 Software Lab-I Office Automation and productivity Tools
PGDCA-106 Software Lab-II Programming Fundamentals through "C"

**Semester II**

PGDCA-201 Data Structure
PGDCA-202 Object Oriented Programming with "C"
PGDCA-203 Database Management System with MS ACCESS
PGDCA-204 Fundamentals of Computer Network, Internet, and Scripting Languages
PGDCA-205 Software Lab-III Data Structures and Programming with "C"
PGDCA-206 Software Lab-IV MS ACCESS and Scripting Languages

# Bachelor of Computer Applications

## Part - I

**Eligibility :-**

10+2 In any discipline

Subjects :-

**Semester I**

BCA-111 General English

BCA-112 Punjabi (Compulsory) or Punjab History & Culture**

BCA-113 Fundamental of Information Technology

BCA-114 Programming Fundamentals using "C"

BCA-115 Software Lab-I (Windows & Office Automation)

BCA-116 Software Lab-II (Based on paper BCA-114

Programming Fundamentals using "C"

Drug Abuse Problem, Management & Prevention

**Semester II**

BCA- 121 General English-II

BCA- 122 Pbi Compulsory, ਮੁਢਲਾ ਗਿਆਨ

BCA- 123 Digital Electronics

BCA- 124 Data Structures

BCA- 125 Basic Mathematics

BCA- 126 Software Lab-III (Based on paper BCA-124) Data Structure

# Bachelor of Computer Applications

## Part - II

**Eligibility :-**

BCA-I

Subjects :-

**Semester III**

BCA-211 English Communication Skills-I

BCA-212 Discrete Mathematics

BCA-213 Computer System Organizations and Architecture

BCA-214 Object Oriented Programming using C++

BCA-215 Fundamentals of Database Management System

BCA-216 Software Lab-IV (Based on paper BCA-214 : Object Oriented Programming using C++)

BCA-217 Software Lab-V (MS Access Lab based on BCA-215 Fundamentals of Database Management System)

BCA-218 Punjabi (Compulsory)

**Semester IV**

BCA- 221 English Communication Skills-II

BCA- 222 Computer Networks

BCA- 223 Management Information Systems

BCA- 224 Computer Oriented Numerical and Statistical Methods

BCA- 225 Relational Database Management Systems with Oracle

BCA- 226 Software Lab-VI (Based on paper BCA-224) Computer Oriented Numerical and Statical Methods)

BCA- 227 Software Lab-VII (Oracle Lab based on paper BCA-225: Database Management Systems with Oracle)

BCA- 228 Environment and Road Safety Awareness (Qualifying Exam)

BCA-229 Punjabi (Compulsory)

# Bachelor of Computer Applications

## Part - III

**Eligibility :-**

BCA-II

Subjects :-

**Semester V**

BCA-311 English Literary Skills-I

BCA-312 System Analysis and Design

BCA-313 System Software

BCA-314 Java Programming

BCA-315 Web Designing Using HTML and DHTML

BCA-316 Software Lab-IX (Based on Paper BCA-314 Java Programming)

BCA-317 Software Lab X (Based on Paper BCA-315 Web Designing Using HTML)

BCA-318 Punjabi (Compulsory)

**Semester VI**

BCA-321 English Literary Skills-II

BCA-322 E-Commerce

BCA-323 Operating Systems

BCA-324 Software Engineering

BCA-325 Web Designing using ASP. NET

BCA-326 Software Lab-XI (More on Java Based on BCA-314: Java Programming)

BCA-327 Software Lab-XII (Based on BCA-325: Web Designing using ASP. NET)

BCA-328 Punjabi (Compulsory)

# Bachelor of Arts

## Part - I

**Eligibility :-**
10+2 in any Discipline

**Subjects :-**
Besides English (Communication Skill), Punjabi Compulsory (Language Based) / Punjabi history and culture, a student can take up one subject from a group out of following groups of elective subjects :

1. Economics
2. History / Math
3. Political Science
4. Punjabi Literature / English Literature/ Hindi Literature
5. Physical Education
6. Computer Application
7. Religion

**New Subject Group Combination**

1. Economics
2. Math/History
3. Political Science / Religion
4. English Lit / Punjabi Lit. / Hindi Literature
5. Physical Education/ Computer Application

**New Subject Group Combination**

1. Economics / Sociology
2. Math / History
3. Political Science / Religion
4. English Lit./ Punjabi Lit./ Hindi Literature
5. Physical Education / Computer Application
6. Home Science
7. Education

**New Subject Group Combination**

1. History/ Political Science / Hindi

# Bachelor of Arts

## Part - II & III

**Eligibility :-**

B.A.-I & B.A.-II

**Subjects :-**

The subject combination will remain same as it was taken in B.A. - I

**Note :**

1. English Literature is not compulsory for those candidates who take the subject of functional English.
2. Candidate can take maximum two elective subjects having practical.
3. Candidate can't opt those subjects that are not available in the college.
4. Candidate Can take those subjects in B.A-I also, that they had not studied in 10+2.
5. A candidate can change his subject up to 15 september. Fee of Rs. 100 will charge for subject change.

# Bachelor of Commerce

## Part - I

**Eligibility :-**

(a) 40% marks in the case of students who have passed 10+2 with commerce group or (b) 45% marks in the aggregate who have passed 10+2 in the humanities group at least two out of commerce / Accounts / Maths / Economics / Management group or 50% marks for the student passed in 10+2 who are not covered in (a) and (b)

**Subjects :-**

**Semester I**

BC-101 Punjabi
BC-101 A Punjab History and Culture
(Special Paper in lieu of Punjabi)
BC-102 English (Communication Skills)
BC-103 Financial Accounting-I
BC-104 Business Laws - I
BC-105 Principles of Economics - I
BC-106 Computer Applications in Business
Drug Abuse Problem, Management and Prevention.

**Semester II**

BC-201 Punjabi
BC-201-A Punjab History and Culture
(Special Paper in lieu of Punjabi)
BC-202 English (Communication Skills)
BC-203 e-Accounting
BC-204 Business Laws -II
BC-205 Principles of Economics-II
BC-206 Business Statistics

# Bachelor of Commerce

## Part - II

**Eligibility :-**

B. Com-I

**Subjects :-**

**Semester III**

BC-301 Punjabi
BC-302 English (Communication)
BC-302 Principles of Business Management
BC-304 Corporate accounting-I
BC-305 Income Tax Law-I
BC-306 Company law

**SEMESTER-IV**

BC-401 Punjabi
BC-402 English (Communication)
BC-403 Auditing Practices
BC-404 Corporate Accounting-II
BC-405 Income Tax-II
BC-406 Business Mathematics

# Bachelor of Commerce

## Part - III

**Eligibility :-**

B.Com. - II

**Subjects :-**

**SEMESTER-V**

BC-501 Punjabi Compulsory
BC-501 A Punjabi History & Culture
BC-502 Management Accounting-I
BC-503 Cost Accounting-I
BC-504 Financial Management-I
BC-505 Indirect Taxes-I
BC-506 Fundamentals of Entrepreneurship

**SEMESTER-VI**

BC-601 Punjabi Compulsory
BC-601 A Punjabi History & culture
BC-602 Management Accounting-II
BC-603 Cost Accounting-II
BC-604 Financial Management-II
BC-605 Indirect Taxes-II
BC-606 Governance, Ethics and Social Responsibility of Business

## स्ह्रुस्ह्रु २०१७-२०१८ हथ्ह घद्ह्रुह्रु ख्23 12घह्रुह्रु
## हाघ2ह्रु ×ह्रुह्रुह्रु स्4 हह्रुस्ह्रु ह्रुह्रुह्रुह

ਕਾਲਜ ਫ਼ੀਸ ਤੋਂ ਇਲਾਵਾ ਯੂਨੀਵਰਸਿਟੀ ਵੱਲੋਂ ਨਿਰਧਾਰਤ ਕੀਤੀਆਂ ਗਈਆਂ ਹੋਰ ਅਦਾਇਗੀ ਯੋਗ ਫ਼ੀਸਾਂ :-

1. ਨਵੇਂ ਵਿਦਿਆਰਥੀਆਂ ਲਈ ਯੂਨੀਵਰਸਿਟੀ ਰਜਿਸਟ੍ਰੇਸ਼ਨ ਫ਼ੀਸ ।

2. ਪ੍ਰੀਖਿਆ ਫ਼ੀਸ ।

3. ਯੂ.ਜੀ.ਸੀ. ਦੁਆਰਾ ਸਪੋਂਸਰਡ ਐਡ-ਆਨ ਕੋਰਸ (ਸਪੋਕਨ ਇੰਗਲਿਸ਼, ਕੰਪਿਊਟਰ ਹਾਰਡਵੇਅਰ ਐਂਡ ਨੈੱਟਵਰਕਿੰਗ) ਦੀ ਫ਼ੀਸ ।

4. ਕਿਸੇ ਵੀ ਸੂਰਤ ਵਿੱਚ ਲਈਆਂ ਗਈਆਂ ਫ਼ੀਸਾਂ ਅਤੇ ਫੰਡ ਵਾਪਸ ਨਹੀਂ ਕੀਤੇ ਜਾਣਗੇ ।

ਨੋਟ : ਦਾਖਲਾ ਮਿਲ ਜਾਣ ਤੋਂ ਤੁਰੰਤ ਬਾਅਦ 2 ਦਿਨਾਂ ਦੇ ਅੰਦਰ-ਅੰਦਰ ਫ਼ੀਸ ਜਮ੍ਹਾਂ ਕਰਵਾਉਣੀ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਦਾਖਲਾ ਰੱਦ ਕੀਤਾ ਜਾ ਸਕਦਾ ਹੈ ।

ਫ਼1ਸ੫ਸ੍ਹਟਦਲ੍ਹਫ਼ੁ

## ਕਾਲਜ ਮੈਗਜ਼ੀਨ :

ਕਾਲਜ ਮੈਗਜ਼ੀਨ 'ਨਵੀਂ ਉਮੰਗ' ਵਿਦਿਆਰਥੀਆਂ ਦੇ ਸਵੈ-ਪ੍ਰਗਟਾਵੇ ਅਤੇ ਸਾਹਿਤਕ ਰੁਚੀਆਂ ਦਾ ਇੱਕ ਉਸਾਰੂ ਮਾਧਿਅਮ ਹੈ, ਜੋ ਸਾਲ ਵਿਚ ਇਕ ਵਾਰ ਛਪੇਗਾ । ਇਸ ਵਿੱਚ ਅੰਗ੍ਰੇਜ਼ੀ, ਪੰਜਾਬੀ, ਹਿੰਦੀ, ਕਾਮਰਸ, ਕੰਪਿਊਟਰ ਦੇ ਭਾਗ ਹਨ ।

## ਖੇਡ ਸਹੂਲਤਾਂ :

ਕਾਲਜ ਵਿੱਚ ਪੜ੍ਹਾਈ ਤੇ ਵਾਧੂ ਗਤੀਵਿਧੀਆਂ ਤੋਂ ਇਲਾਵਾ ਖੇਡਾਂ ਲਈ ਵੀ ਉੱਚਤਮ ਪ੍ਰਬੰਧ ਹੈ। ਕਾਲਜ ਦੇ ਖਿਡਾਰੀਆਂ ਲਈ ਖੋ-ਖੋ, ਯੋਗਾ, ਕਬੱਡੀ ਆਦਿ ਖੇਡਾਂ ਦੀ ਸਹੂਲਤ ਲਈ 200 ਮੀਟਰ ਟਰੈਕ, ਅਥਲੈਟਿਕਸ ਅਤੇ ਜਿੰਮ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ। ਖਿਡਾਰੀਆਂ ਨੂੰ ਹੋਰ ਵੀ ਉੱਚ ਪੱਧਰੀ ਸਹੂਲਤਾਂ ਦਿੱਤੀਆਂ ਜਾਣਗੀਆਂ, ਤਾਂ ਜੋ ਖਿਡਾਰੀਆਂ ਦਾ ਸਰਵਪੱਖੀ ਵਿਕਾਸ ਹੋ ਸਕੇ।

## ਕਾਲਜ ਦੀ ਲਾਇਬ੍ਰੇਰੀ :

10000 ਤੋਂ ਵੀ ਵੱਧ ਕੀਮਤੀ ਕਿਤਾਬਾਂ ਵਾਲੀ, ਕੌਮੀ ਅਤੇ ਕੌਮਾਂਤਰੀ ਪੱਧਰ ਦੇ ਰਸਾਲਿਆਂ ਅਤੇ ਜਨਰਲਜ਼ ਵਾਲੀ ਅਤੇ ਕੌਮੀ ਪੱਧਰ ਦੇ ਅਖ਼ਬਾਰਾਂ ਵਾਲੀ ਲਾਇਬ੍ਰੇਰੀ । ਲਾਇਬ੍ਰੇਰੀ ਵਿੱਚ ਇੱਕ ਵਿਸ਼ੇ ਤੇ ਕਈ ਲੇਖਕਾਂ ਦੀਆਂ ਕਿਤਾਬਾਂ ਮਿਲਦੀਆਂ ਹਨ ਜਿਸ ਦੀ ਮਦਦ ਨਾਲ ਵਿਦਿਆਰਥੀ ਇਮਤਿਹਾਨ ਵਿੱਚ ਉੱਚੀਆਂ ਪ੍ਰਾਪਤੀਆਂ ਕਰਨਗੇ । ਜ਼ੀਰੋਕਸ (ਫੋਟੋ ਸਟੇਟ) ਦੀ ਸਹੂਲਤ ਵੀ ਉਪਲੱਬਧ ਹੈ । ਇਸ ਲਾਇਬ੍ਰੇਰੀ ਵਿੱਚ ਅਖ਼ਬਾਰਾਂ ਅਤੇ ਰਸਾਲਿਆਂ ਦਾ ਪੁਰਾਣਾ ਰਿਕਾਰਡ ਰੱਖਿਆ ਜਾਂਦਾ ਹੈ, ਜਿਸਦੀ ਪਾਠਕ ਖ਼ੂਬ ਵਰਤੋਂ ਕਰਦੇ ਹਨ । ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਦੇ ਜੀਵਨ ਦੇ ਸਭ ਤੋਂ ਔਖਰੇ ਮਸਲੇ ਕੈਰੀਅਰ ਸਬੰਧੀ ਬਹੁਤ ਕਿਤਾਬਾਂ ਅਤੇ ਰਸਾਲੇ ਮੰਗਵਾਏ ਜਾਂਦੇ ਹਨ । ਇਸ ਤੋਂ ਇਲਾਵਾ ਆਮ ਵਾਕਫ਼ੀਅਤ ਦੀਆਂ ਕਿਤਾਬਾਂ, ਅਖ਼ਬਾਰਾਂ ਅਤੇ ਰਸਾਲੇ ਪੜ੍ਹਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਜੋ ਉਸਾਰੂ ਸ਼ਖਸੀਅਤ ਸਿਰਜਣ ਵਿੱਚ ਅਹਿਮ ਯੋਗਦਾਨ ਪਾਉਂਦੇ ਹਨ ।

## ਲਾਇਬ੍ਰੇਰੀ ਨਿਯਮ :

1. ਜੇਕਰ ਕੋਈ ਵੀ ਵਿਦਿਆਰਥੀ ਕੋਈ ਵੀ ਕਿਤਾਬ ਲਾਇਬ੍ਰੇਰੀ ਵਿੱਚੋਂ ਇਸ਼ੂ ਕਰਵਾਉਂਦਾ ਹੈ ਤਾਂ ਉਹ ਕਿਤਾਬ 15 ਦਿਨ ਲਈ ਹੋਵੇਗੀ। 15 ਦਿਨਾਂ ਤੋਂ ਬਾਅਦ ਰੀ-ਇਸ਼ੂ ਕਰਵਾਉਣੀ ਜ਼ਰੂਰੀ ਹੈ। ਜੇਕਰ ਰੀ-ਇਸ਼ੂ ਨਹੀਂ ਕਰਵਾਈ ਜਾਵੇਗੀ ਤਾਂ ਇੱਕ ਕਿਤਾਬ ਤੇ 2 ਰੁਪਏ ਪ੍ਰਤੀ ਦਿਨ ਜੁਰਮਾਨਾ ਹੋਵੇਗਾ।
2. ਜੇਕਰ ਕਿਸੇ ਵਿਦਿਆਰਥੀ ਕੋਲੋਂ ਲਾਇਬ੍ਰੇਰੀ ਦੀ ਕਿਤਾਬ ਗੁਆਚ ਜਾਵੇ ਤਾਂ ਉਸਦੀ ਪੂਰੀ ਕੀਮਤ ਵਿਦਿਆਰਥੀ ਤੋਂ ਵਸੂਲ ਕੀਤੀ ਜਾਵੇਗੀ।
3. ਜੇਕਰ ਕਿਸੇ ਬੱਚੇ ਕੋਲੋਂ ਕੋਈ ਵੀ ਕਿਤਾਬ ਪਾਠ-ਪੁਸਤਕ ਫਟ ਜਾਵੇ ਤਾਂ ਉਸ ਦੀ ਅੱਧੀ ਕੀਮਤ ਬੱਚੇ ਤੋਂ ਵਸੂਲ ਕੀਤੀ ਜਾਵੇਗੀ ।
4. ਗਰਮੀ ਦੀਆਂ ਛੁੱਟੀਆਂ ਲਈ ਜਿਹੜੀ ਕਿਤਾਬ ਇਸ਼ੂ ਹੋਵੇਗੀ,ਉਹ ਕਿਤਾਬ ਛੁੱਟੀਆਂ ਤੋਂ ਬਾਅਦ ਤਿੰਨ ਦਿਨਾਂ ਤ ਕ

## ਦਾਖ਼ਲੇ ਦੇ ਨਿਯਮ :

1) ਦਾਖਲਾ ਲੈਣ ਵਾਲੇ ਵਿਦਿਆਰਥੀ ਪ੍ਰਾਸਪੈਕਟਸ ਦਾਖਲਾ ਫ਼ਾਰਮ ਸਮੇਤ ਦਫ਼ਤਰ ਵਿੱਚੋਂ ਪ੍ਰਾਪਤ ਕਰ ਸਕਦੇ ਹਨ ।

2) ਦਾਖਲਾ ਲੈਣ ਵਾਲੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਲਈ ਸਾਰੇ ਪ੍ਰਾਸਪੈਕਟਸ ਨੂੰ ਪੜ੍ਹਨਾ ਅਤੇ ਸਮਝਣਾ ਜ਼ਰੂਰੀ ਹੈ । ਕਿਸੇ ਨਿਯਮ ਸਬੰਧੀ ਅਗਿਆਨਤਾ ਕੋਈ ਬਹਾਨਾ ਨਹੀਂ ਮੰਨਿਆ ਜਾਵੇਗਾ ।

3) ਦਾਖਲੇ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਕੀਤੇ ਜਾਣਗੇ ।

4) ਦਾਖਲਾ ਫ਼ਾਰਮ ਪੂਰੀ ਤਰ੍ਹਾਂ ਮੁਕੰਮਲ ਅਤੇ ਸਾਫ਼-ਸਾਫ਼ ਭਰਿਆ ਹੋਣਾ ਚਾਹੀਦਾ ਹੈ ਅਤੇ ਹੇਠ ਲਿਖੀਆਂ ਪ੍ਰਮਾਣ-ਪੱਤਰ ਦੀਆਂ ਤਸਦੀਕ ਸ਼ੁਦਾ ਕਾਪੀਆਂ ਨਾਲ ਨੱਥੀ ਕੀਤੀਆਂ ਜਾਣੀਆਂ ਜ਼ਰੂਰੀ ਹਨ :-

   ੳ) ਪਿਛਲਾ ਇਮਤਿਹਾਨ ਪਾਸ ਕਰਨ ਦਾ ਯੂਨੀਵਰਸਿਟੀ / ਬੋਰਡ ਦਾ ਪ੍ਰਮਾਣ-ਪੱਤਰ (ਜੇ ਨਹੀਂ ਆਇਆ ਹੋਵੇ ਤਾਂ ਪ੍ਰੋਵੀਜ਼ਨਲ ਸਰਟੀਫਿਕੇਟ ਦੀ ਕਾਪੀ ਨੱਥੀ ਕੀਤੀ ਜਾਵੇ)
   ਅ) ਜਨਮ ਮਿਤੀ ਦਾ ਸਰਟੀਫਿਕੇਟ ਜਾਂ ਮੈਟ੍ਰਿਕ ਦਾ ਸਰਟੀਫਿਕੇਟ ।
   ੲ) ਰਿਹਾਇਸ਼ ਦਾ ਸਬੂਤ ।
   ਸ) ਪਿਛਲੀ ਸੰਸਥਾ ਤੋਂ ਚਰਿੱਤਰ ਸਰਟੀਫਿਕੇਟ ।
   ਹ) ਗੈਪ ਸਾਲਾਂ ਸਬੰਧੀ ਲਿਖਤੀ ਵੇਰਵਾ ਦਾਖ਼ਲਾ ਫ਼ਾਰਮ ਵਿਚ ਸਪੱਸ਼ਟ ਕੀਤਾ ਜਾਵੇ ।
   ਕ) ਦੋ ਪਾਸਪੋਰਟ ਸਾਈਜ਼ ਦੀਆਂ ਨਵੀਆਂ ਫੋਟੋਆਂ ।
   ਖ) ਮਾਈਗ੍ਰੇਸ਼ਨ ਸਰਟੀਫਿਕੇਟ
   ਗ) ਅਨੁਸੂਚਿਤ ਜਾਤੀਆਂ / ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਜਾਤ ਸਬੰਧੀ ਪ੍ਰਮਾਣ-ਪੱਤਰ

5) ਦਾਖਲਾ ਲੈਣ ਤੋਂ ਬਾਅਦ ਕਾਲਜ ਛੱਡਣ ਦੀ ਸੂਰਤ ਵਿੱਚ ਫ਼ੀਸਾਂ ਅਤੇ ਫੰਡ ਵਾਪਸ ਨਹੀਂ ਕੀਤੇ ਜਾਣਗੇ ।

6) ਕਾਲਜ ਦੇ ਅਨੁਸ਼ਾਸ਼ਨ ਅਤੇ ਨਿਯਮ ਨੂੰ ਭੰਗ ਕਰਨ ਵਾਲੇ ਵਿਦਿਆਰਥੀਆਂ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ ।

7) ਦਾਖਲਾ ਲੈਣ ਦੀ ਆਖਰੀ ਮਿਤੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਨਿਰਧਾਰਤ ਕੀਤੀ ਜਾਂਦੀ ਹੈ । ਕਾਲਜ ਯੂਨੀਵਰਸਿਟੀ ਵੱਲੋਂ ਭੇਜੀ ਗਈ ਸੂਚੀ ਦੇ ਅਨੁਸਾਰ ਹੀ ਦਾਖਲਾ ਕਰਦਾ ਹੈ ਤੇ ਯੂਨੀਵਰਸਿਟੀ ਵੱਲੋਂ ਨਿਰਧਾਰਤ ਲੇਟ ਫ਼ੀਸ ਲਾਗੂ ਹੁੰਦੀ ਹੈ ।

## ਵਿਸ਼ਾ ਬਦਲੀ :

1) ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਉਹ ਆਪਣੇ ਵਿਸ਼ੇ ਪਹਿਲਾਂ ਹੀ ਸੋਚ ਕੇ ਰੱਖਣ ।

2) ਵਿਸ਼ਾ ਬਦਲਣ ਦੇ ਚਾਹਵਾਨ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਅਤੇ ਸਬੰਧਤ ਅਧਿਆਪਕ ਦੀ ਸਹਿਮਤੀ ਨਾਲ ਜਮਾਤਾਂ ਸ਼ੁਰੂ ਹੋਣ ਤੋਂ ਇੱਕ ਹਫਤੇ ਅੰਦਰ ਦਫ਼ਤਰ ਵਿੱਚੋਂ ਉਪਲੱਬਧ ਫਾਰਮ ਭਰ ਕੇ ਅਤੇ 100/- ਰੁਪਏ ਫ਼ੀਸ ਭਰ ਕੇ ਵਿਸ਼ਾ ਬਦਲ ਸਕਦੇ ਹਨ ।

3) ਟਾਇਮ ਟੇਬਲ ਵਿੱਚ ਟਕਰਾਓ ਪੈਦਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਨੂੰ ਆਪਣਾ ਵਿਸ਼ਾ ਬਦਲਣਾ ਪਵੇਗਾ ਪਰ ਉਸ ਦੀ ਕੋਈ ਫ਼ੀਸ ਨਹੀਂ ਹੋਵੇਗੀ ।

## ਫ਼ੀਸ ਮੁਆਫ਼ੀ

1) ਵਿਦਿਆਰਥੀ ਨੂੰ ਫ਼ੀਸ ਦੀ ਰਿਆਇਤ ਯੋਗਤਾ ਅਤੇ ਆਮਦਨ ਦੇ ਅਧਾਰ ਤੇ ਦਿੱਤੀ ਜਾਵੇਗੀ। ਫ਼ੀਸ ਮੁਆਫ਼ੀ ਲਈ ਵਿਦਿਆਰਥੀ ਦਾ ਵਿਦਿਅਕ ਪੱਧਰ ਉੱਚਾ ਹੋਣਾ ਚਾਹੀਦਾ ਹੈ।

2) ਇਸ ਸਬੰਧ ਵਿੱਚ ਅਰਜੀ ਨਿਰਧਾਰਿਤ ਫ਼ਾਰਮ ਉੱਤੇ, ਜੋ ਕਿ ਕਾਲਜ ਦਫ਼ਤਰ ਵਿੱਚੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਦੇਣੀ ਚਾਹੀਦੀ ਹੈ। ਇਸ ਫ਼ਾਰਮ ਉੱਤੇ ਪਿਤਾ ਜਾ ਸਰਪ੍ਰਸਤ ਦੇ ਪੂਰੇ ਹਸਤਾਖਰ ਕੀਤੇ ਹੋਣੇ ਚਾਹੀਦੇ ਹਨ ਅਤੇ ਗਰੁੱਪ ਟਿਊਟਰ ਦੀ ਸਿਫ਼ਾਰਸ਼ ਹੋਣੀ ਵੀ ਜ਼ਰੂਰੀ ਹੈ।

3) ਫ਼ੀਸ ਕੇਵਲ ਉਸ ਹਾਲਤ ਵਿੱਚ ਮੁਆਫ਼ ਰਹਿ ਸਕਦੀ ਹੈ ਜੇਕਰ ਵਿਦਿਆਰਥੀ ਕਲਾਸਾਂ ਵਿੱਚ ਹਾਜ਼ਰ ਰਹਿੰਦਾ ਹੈ ਅਤੇ ਪੜ੍ਹਾਈ ਵਿੱਚ ਸੰਤੋਖਜਨਕ ਪ੍ਰਗਤੀ ਦਿਖਾਉਂਦਾ ਹੈ ਅਤੇ ਕਾਲਜ ਦੀਆਂ ਪ੍ਰੀਖਿਆਵਾਂ ਵਿੱਚ ਚੰਗੇ ਨੰਬਰ ਪ੍ਰਾਪਤ ਕਰਦਾ ਹੈ ।

4) ਘਰੇਲੂ ਪ੍ਰੀਖਿਆ ਵਿੱਚ ਫੇਲ੍ਹ ਹੋਣ ਜਾਂ ਕਾਲਜ ਦਾ ਅਨੁਸ਼ਾਸਨ ਭੰਗ ਕਰਨ ਦੀ ਸੂਰਤ ਵਿੱਚ ਫ਼ੀਸ ਮੁਆਫ਼ੀ ਵਾਪਿਸ ਲਈ ਜਾ ਸਕਦੀ ਹੈ।

5) ਕਾਲਜ ਪ੍ਰਬੰਧਕ ਕਮੇਟੀ ਵੱਲੋਂ ਹੇਠ ਲਿਖੇ ਵਿਦਿਆਰਥੀਆਂ ਨੂੰ ਫੀਸ ਵਿੱਚੋਂ 10% ਰਿਆਇਤ ਕੀਤੀ ਜਾਏਗੀ

(ੳ) ਜਿੰਨ੍ਹਾਂ ਵਿਦਿਆਰਥੀਆਂ ਦੇ ਮਾਪੇ ਮਰ ਚੁੱਕੇ ਹਨ।

(ਅ) ਅੰਗਹੀਣ ਵਿਦਿਆਰਥੀ

(ੲ) ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ ਜਿੰਨ੍ਹਾਂ ਦੀ ਸਲਾਨਾ ਆਮਦਨ ਇੱਕ ਲੱਖ ਤੋਂ ਘੱਟ ਹੈ।

## ਗੈਰ ਹਾਜ਼ਰੀ ਜੁਰਮਾਨੇ

1. ਗੈਰ-ਹਾਜ਼ਰੀ ਜੁਰਮਾਨਾ 10 ਰੁ: ਪ੍ਰਤੀ ਦਿਨ
2. ਇੱਕ ਪੀਰੀਅਡ ਦੀ ਗੈਰ ਹਾਜ਼ਰੀ ਦਾ ਜੁਰਮਾਨਾ 2 ਰੁ:
3. ਟਿਊਟੋਰੀਅਲ ਦੇ ਗਰੁੱਪ ਦੇ ਪੀਰੀਅਡ ਵਿੱਚ ਗੈਰ ਹਾਜ਼ਰੀ ਦਾ ਜੁਰਮਾਨਾ 10 ਰੁ:
4. ਘਰੇਲੂ ਪ੍ਰੀਖਿਆ ਵਿੱਚ ਗੈਰ ਹਾਜ਼ਰੀ ਦਾ ਜੁਰਮਾਨਾ 50/- ਪ੍ਰਤੀ ਪੇਪਰ
5. ਕਾਲਜ ਸਮਾਗਮਾਂ ਵਿੱਚ ਗੈਰ ਹਾਜ਼ਰੀ ਦਾ ਜੁਰਮਾਨਾ 50/- ਪ੍ਰਤੀ ਸਮਾਗਮ

## ਟਿਊਟੋਰੀਅਲ ਗੁਰੱਪ

ਵਿਦਿਆਰਥੀ ਦੇ ਬਹੁ-ਪੱਖੀ ਵਿਕਾਸ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਉਚਿੱਤ ਤਾਲਮੇਲ ਪੈਦਾ ਕਰਨ ਦੇ ਮੰਤਵ ਲਈ ਵਿਦਿਅਕ ਸ਼ੈਸ਼ਨ ਦੇ ਸ਼ੁਰੂ ਵਿੱਚ ਹਰ ਵਿਦਿਆਰਥੀ ਨੂੰ ਇੱਕ ਟਿਊਟੋਰੀਅਲ ਗੁਰੱਪ ਅਲਾਟ ਕੀਤਾ ਜਾਂਦਾ ਹੈ. ਟਿਊਟਰ ਆਪਣੇ ਅਧੀਨ ਆਉਂਦੇ ਵਿਦਿਆਰਥੀਆਂ ਦੀ ਪੜ੍ਹਾਈ, ਵਿਵਹਾਰ ਅਤੇ ਆਚਰਨ ਦਾ ਨਿਗਰਾਨ ਹੁੰਦਾ ਹੈ. ਕਿਸੇ ਵੀ ਐਕਤ ਜਾਂ ਛੁੱਟੀ ਆਦਿ ਦੀ ਮੰਨਜ਼ੂਰੀ ਲਈ ਵਿਦਿਆਰਥੀ ਨੂੰ ਆਪਣੇ ਟਿਊਟਰ ਦੀ ਸਹਾਇਤਾ/ ਅਗਵਾਈ ਅਤੇ ਸਲਾਹ ਦਾ ਲਾਭ ਉਠਾਉਣਾ ਚਾਹੀਦਾ ਹੈ. ਆਪਣੇ ਟਿਊਟਰ ਤੋਂ ਇਲਾਵਾ ਵਿਦਿਆਰਥੀ ਸੀਨੀਅਰ ਟਿਊਟਰ ਤੋਂ ਵੀ ਅਗਵਾਈ ਤੇ ਸਹਾਇਤਾ ਪ੍ਰਾਪਤ ਕਰ ਸਕਦਾ ਹੈ. ਟਿਊਟੋਰੀਅਲ ਪੀਰੀਅਡ ਵਿੱਚ ਵਿਦਿਆਰਥੀ ਵਿੱਦਿਅਕ ਮਾਮਲਿਆਂ 'ਤੇ ਵਿਚਾਰ ਸਾਂਝੇ ਕਰਨਗੇ। ਤਹਿਜ਼ੀਬ ਵਾਲੇ ਗੀਤ ਵੀ ਇਸ ਪੀਰੀਅਡ ਵਿੱਚ ਗਾਏ ਜਾ ਸਕਦੇ ਹਨ। ਟਿਊਟੋਰੀਅਲ ਗਰੁੱਪ ਦਾ ਪੀਰੀਅਡ ਨਾ ਲਾਉਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਹੁੰਦਾ ਹੈ।

## ਘਰੇਲੂ ਪ੍ਰੀਖਿਆਵਾਂ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਹਦਾਇਤਾਂ ਅਨੁਸਾਰ ਹਰੇਕ ਸਮੈਸਟਰ ਦੇ ਦੌਰਾਨ ਘਰੇਲੂ ਪ੍ਰੀਖਿਆ ਦੀ ਪ੍ਰਵੇਸ਼ ਯੋਗਤਾ ਦਾ ਅਧਾਰ ਬਣਦਾ ਹੈ। ਪ੍ਰੀਖਿਆ ਵਿਚੋਂ ਛੋਟ ਲੈਣ ਲਈ ਪ੍ਰਿੰਸੀਪਲ ਤੋਂ ਅਗੇਤਰੀ ਲਿਖਤੀ ਮਨਜ਼ੂਰੀ ਲੈਣੀ ਜਰੂਰੀ ਹੈ। ਪ੍ਰੀਖਿਆ ਉਪਰੰਤ ਅਜਿਹੀ ਕਿਸੇ ਬੇਨਤੀ ਉੱਪਰ ਗੌਰ ਨਹੀਂ ਕੀਤੀ ਜਾਵੇਗੀ।

## ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਾਲ 2017-18 ਦਾ ਸ਼ਡਿਊਲ

### ਛੁੱਟੀਆਂ

| | | |
|---|---|---|
| ਗਰਮੀ ਦੀਆਂ ਛੁੱਟੀਆਂ | 30-05-2017 ਤੋਂ | 08-07-2017 ਤੱਕ |
| ਪਤਝੜ ਦੀਆਂ ਛੁੱਟੀਆਂ | 28-09-2017 ਤੋਂ | 09-10-2017 ਤੱਕ |
| ਸਰਦੀਆਂ ਦੀਆਂ ਛੁੱਟੀਆਂ | 26-12-2017 ਤੋਂ | 06-01-2018 ਤੱਕ |

### ਦਾਖਲੇ

| | |
|---|---|
| ਕਾਲਜ ਖੁੱਲ੍ਹਣ ਦੀ ਮਿਤੀ | 10-07-2017 |
| ਸਮੈਸਟਰ ਅਤੇ ਸਾਲਾਨਾ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ | 17-7-17 ਤੱਕ (ਬਿਨ੍ਹਾ ਲੇਟ ਫੀਸ) |
| 500/- ਰੁ: ਲੇਟ ਫੀਸ ਅਤੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ | 18-7-17 ਤੋਂ 20-7-17 ਤੱਕ |
| 1000 ਰੁ: ਲੇਟ ਫੀਸ ਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ | 01-8-17 ਤੋਂ 10-8-17 ਤੱਕ |
| 1500/- ਰੁ: ਲੇਟ ਫੀਸ ਅਤੇ ਵਾਇਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 11-8-17 ਤੋਂ 19-8-17 ਤੱਕ |
| 2000/- ਰੁ: ਲੇਟ ਫੀਸ ਅਕਾਦਮੀ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਇਸ ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ | 21-8-17 ਤੋਂ 31-8-17 ਤੱਕ |

## ਸਮੈਸਟਰ ਪ੍ਰਣਾਲੀ ਦੀ ਪੜ੍ਹਾਈ

**For Odd Semester**

| | |
|---|---|
| ਸਮੈਸਟਰ ਦੀ ਪੜ੍ਹਾਈ | 17-07-2017 ਤੋਂ 21-11-2017 ਤੱਕ |
| ਸਮੈਸਟਰਾਂ ਦੇ ਇਮਤਿਹਾਨ | 24-11-2017 |

**For Even Semester**

| | |
|---|---|
| ਸਮੈਸਟਰ ਦੀ ਪੜ੍ਹਾਈ | 08-01-2018 ਤੋਂ 02-05-2018 ਤੱਕ |
| ਸਮੈਸਟਰਾਂ ਦੇ ਇਮਤਿਹਾਨ | 05-05-2018 |

## ਛੁੱਟੀ ਲਈ ਦਰਖ਼ਾਸਤ

1) ਟਿਊਟਰ ਇਕ ਸਮੇਂ ਤੇ ਵੱਧ ਤਿੰਨ ਦਿਨਾਂ ਦੀ ਛੁੱਟੀ ਮਨਜ਼ੂਰ ਕਰ ਸਕਦਾ ਹੈ । ਇਸ ਤੋਂ ਵੱਧ ਸਮੇਂ ਲਈ ਛੁੱਟੀ ਟਿਊਟਰ ਦੀ ਸਿਫਾਰਸ਼ ਨਾਲ ਪ੍ਰਿੰਸੀਪਲ ਤੋਂ ਮਨਜ਼ੂਰ ਕਰਵਾਈ ਜਾਵੇਗੀ।

2) ਪਿਤਾ ਜਾਂ ਸਰਪ੍ਰਸਤ ਦੇ ਤਸਦੀਕ ਕਰਨ ਤੋਂ ਬਿਨਾਂ ਛੁੱਟੀ ਮਨਜ਼ੂਰ ਨਹੀਂ ਕੀਤੀ ਜਾਵੇਗੀ।

3) ਪੰਜ ਦਿਨਾਂ ਤੋਂ ਵੱਧ ਬਿਮਾਰੀ ਦੀ ਛੁੱਟੀ ਲਈ ਮੈਡੀਕਲ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ ਤੇ

ਇਹ ਸਰਟੀਫਿਕੇਟ ਸਰਕਾਰੀ ਹਸਪਤਾਲ ਦਾ ਹੀ ਮੰਨਿਆ ਜਾਵੇਗਾ।

4) ਜੇਕਰ ਕੋਈ ਵਿਦਿਆਰਥੀ ਛੁੱਟੀ ਮਨਜ਼ੂਰ ਕਰਵਾਏ ਬਿਨ੍ਹਾਂ 7 ਦਿਨ ਤੱਕ ਗੈਰ-ਹਾਜ਼ਰ ਰਹਿੰਦਾ ਹੈ ਤਾਂ ਕਾਲਜ ਵਿਚੋਂ ਉਸ ਦਾ ਨਾਮ ਕੱਟ ਦਿੱਤਾ ਜਾਵੇਗਾ। ਅਜਿਹਾ ਵਿਦਿਆਰਥੀ ਪ੍ਰਿੰਸੀਪਲ ਦੀ ਆਗਿਆ ਨਾਲ ਨਾਮ ਕੱਟਣ ਤੋਂ 15 ਦਿਨਾਂ ਦੇ ਅੰਦਰ ਦਾਖਲੇ ਦੀ ਫੀਸ ਦੇ ਕੇ ਦੁਬਾਰਾ ਦਾਖਲਾ ਭਰ ਸਕਦਾ ਹੈ। ਪ੍ਰੰਤੂ ਅਜਿਹੇ ਵਿਦਿਆਰਥੀ ਨੂੰ ਨਾਮ ਕੱਟੇ ਹੋਏ ਸਮੇਂ ਦੀਆਂ ਹਾਜ਼ਰੀਆਂ ਨਹੀਂ ਮਿਲਣਗੀਆਂ।

5) ਐਮਰਜੈਂਸੀ ਛੁੱਟੀ ਦੀ ਸੂਰਤ ਵਿੱਚ ਆਪ ਜੀ ਦੇ ਪਿਤਾ ਦੇ ਆਉਣ ਤੇ ਹੀ ਛੁੱਟੀ ਮਨਜ਼ੂਰ ਕੀਤੀ ਜਾਵੇਗੀ।

## ਕਾਲਜ ਕੋਰਸ ਦੀਆ ਫੀਸਾਂ ਦਾ ਵੇਰਵਾ

ਸੈਸ਼ਨ 2017-18

| ਲੜੀ ਨੰ. | ਕੋਰਸ | ਕਿਸ਼ਤਾਂ ਦਾ ਵੇਰਵਾ | | |
|---|---|---|---|---|
| | | ਸਮੈਸਟਰ-I | ਸਮੈਸਟਰ-II | ਕੁੱਲ ਜੋੜ |
| 1. | ਬੀ.ਏ.-I | 5000+ਰਜਿਸਟਰੇਸ਼ਨ ਫੀਸ ਵੱਖਰੀ + ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 5000+ ਟਰਾਂਸਪੋਰਟ ਫੀਸ ਵੱਖਰੀ +ਯੂਨੀ.ਫੀਸ ਵੱਖਰੀ | 10000/- |
| 2. | ਬੀ.ਕਾਮ.-I | 10000+ ਰਜਿਸਟਰੇਸ਼ਨ ਫੀਸ ਵੱਖਰੀ +ਟਰਾਂਸਪੋਰਟ ਫੀਸ ਵੱਖਰੀ +ਯੂਨੀ.ਫੀਸ ਵੱਖਰੀ | 10000+ ਟਰਾਂਸਪੋਰਟ ਫੀਸ ਵੱਖਰੀ +ਯੂਨੀ.ਫੀਸ ਵੱਖਰੀ | 20000/- |
| 3. | ਬੀ.ਸੀ.ਏ.-I | 10000+ ਰਜਿਸਟਰੇਸ਼ਨ ਫੀਸ ਵੱਖਰੀ +ਟਰਾਂਸਪੋਰਟ ਫੀਸ ਵੱਖਰੀ +ਯੂਨੀ.ਫੀਸ ਵੱਖਰੀ | 10000+ ਟਰਾਂਸਪੋਰਟ ਫੀਸ ਵੱਖਰੀ +ਯੂਨੀ.ਫੀਸ ਵੱਖਰੀ | 20000/- |
| 4. | ਪੀ.ਜੀ.ਡੀ.ਸੀ.ਏ. | 7500+ ਰਜਿਸਟਰੇਸ਼ਨ ਫੀਸ ਵੱਖਰੀ +ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 7500+ ਟਰਾਂਸਪੋਰਟ ਫੀਸ ਵੱਖਰੀ +ਯੂਨੀ.ਫੀਸ ਵੱਖਰੀ | 15000/- |
| 5. | ਐਮ. ਏ. I | 10000+ ਰਜਿਸਟਰੇਸ਼ਨ ਫੀਸ ਵੱਖਰੀ +ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 10000+ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 20000/- |

## ਕਾਲਜ ਕੋਰਸ ਦੀਆ ਫੀਸਾਂ ਦਾ ਵੇਰਵਾ

ਸੈਸ਼ਨ 2017-18

| ਲੜੀ ਨੰ. | ਕੋਰਸ | ਕਿਸ਼ਤਾਂ ਦਾ ਵੇਰਵਾ | | |
|---|---|---|---|---|
| | | ਸਮੈਸਟਰ-III | ਸਮੈਸਟਰ-IV | ਕੁੱਲ ਜੋੜ |
| 1. | ਬੀ.ਏ.-II | 5000+ ਰਜਿਸਟਰੇਸ਼ਨ ਫੀਸ ਵੱਖਰੀ + ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 5000+ ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 10000/- |
| 2. | ਬੀ.ਕਾਮ.-II | 10000+ ਰਜਿਸਟਰੇਸ਼ਨ ਫੀਸ ਵੱਖਰੀ +ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 10000+ ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 20000/- |
| 3. | ਬੀ.ਸੀ.ਏ.-II | 10000+ ਰਜਿਸਟਰੇਸ਼ਨ ਫੀਸ ਵੱਖਰੀ + ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 10000+ ਟਰਾਂਸਪੋਰਟ ਫੀਸ ਵੱਖਰੀ +ਯੂਨੀ.ਫੀਸ ਵੱਖਰੀ | 20000/- |
| 5. | ਐਮ. ਏ.-II | 10000+ ਰਜਿਸਟਰੇਸ਼ਨ ਫੀਸ ਵੱਖਰੀ +ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 10000+ਟਰਾਂਸਪੋਰਟ ਫੀਸ ਵੱਖਰੀ+ਯੂਨੀ.ਫੀਸ ਵੱਖਰੀ | 20000/- |

## ਕਾਲਜ ਕੋਰਸ ਦੀਆਂ ਫੀਸਾਂ ਦਾ ਵੇਰਵਾ

ਸੈਸ਼ਨ 2017-18

| ਲੜੀ ਨੰ. | ਕਲਾਸ | ਕਿਸ਼ਤਾਂ ਦਾ ਵੇਰਵਾ | | |
|---|---|---|---|---|
| | | ਸਮੈਸਟਰ-V | ਸਮੈਸਟਰ-VI | ਕੁੱਲ ਜੋੜ |
| 1. | ਬੀ.ਏ.-III | 3000+ [illegible] | 3000+ [illegible] | 10000/- |
| 2. | ਬੀ.ਸੀ.ਏ.-III | 10000+ [illegible] | 10000+ [illegible] | 20000/- |
| 3. | ਬੀ.ਕਾਮ.-III | 10000+ [illegible] | 10000+ [illegible] | 10000/- |

# Dress Code For College Classes

**Dress Days :**

Monday, Wednesday, Friday

**Shirt/Salwar :**

Skin Colour

**Dupatta :**

Dark Pink (Mazanta)

ਨੋਟ : Uniform ਨਾ ਪਾਉਣ ਦੀ ਸੂਰਤ ਵਿੱਚ 100 ਰੁ: ਪ੍ਰਤੀ ਦਿਨ ਜੁਰਮਾਨਾ ਹੋਵੇਗਾ।

# College Bus Service Details

| VILLAGE / CITY | FARE | VILLAGE / CITY | FARE | VILLAGE / CITY | FARE |
|---|---|---|---|---|---|
| Sunam | 2500 | Ugrahan | 2050 | Alampur | 2350 |
| Bakshiwal | 2050 | Ugrahan Kothe | 2050 | Medewas | 2350 |
| Ghasiwal | 2050 | Hero Khurd | 2500 | Mojowal | 2350 |
| Dole Singh Wala | 2050 | Kanakwal Chehhlan | 2350 | Dodra | 2500 |
| Amru Kotra | 2050 | Bir Kalan | 2500 | Bhadra | 2500 |
| Rattangarh | 2050 | Jakhepal Local All Bass | 750 | Gobindgarh | 2500 |
| Cheema | 2350 | Satouj | 2350 | Rattakhera | 2500 |
| Tolawal | 2050 | Chhajli | 2500 | Sheron | 2500 |
| Kanakwal (Bhanguan) | 2350 | Dharamgarh | 2050 | Tolawal Kothe | 2050 |
| Nilowal | 2350 | Phulera | 2350 | Bakshiwal Kothe | 2050 |
| Chaajla | 2350 | Jharon | 2500 | Bheni Ganduan | 2350 |
| Model Town Sheron | 2500 | Ganduan | 2500 | Shahpur | 2500 |

# List of Contact Persons For More Details

| | | |
|---|---|---|
| **Management** | Chairman Baba Ratan Dass Ji | 97798-37000 |
| | Manager Baba Pritam Dass Ji | 98150-87284 |
| **Principal** | Dr. Onkar Singh | 81465-33022 |
| **Admission Cell** | Phone | 94787-38000 |
| | Phone | 01676-288148 |
| | E-mail | babaparmanand750@gmail.com |
| | website | www.bpkm.co.in |












ਵਿਦਾਇਗੀ ਪਾਰਟੀ ਸਮਾਗਮ ਦੌਰਾਨ ਬੀ.ਏ. ਭਾਗ ਤੀਜਾ ਅਤੇ ਬੀ.ਸੀ.ਏ. ਭਾਗ ਤੀਜਾ ਦੀਆਂ ਵਿਦਿਆਰਥਣਾਂ ਕਾਲਜ ਪ੍ਰਿੰਸੀਪਲ ਅਤੇ ਸਟਾਫ ਨਾਲ



ਮੈਗਜ਼ੀਨ ਰਲੀਜ਼ ਸਮਾਰੋਹ ਦੇ ਵਿਸ਼ੇਸ਼ ਮਹਿਮਾਨ ਵਿਲਿਅਮ ਜੇਜੀ ਡੀ.ਐਸ.ਪੀ. ਸੁਨਾਮ ਨੂੰ ਕਾਲਜ ਮੈਗਜ਼ੀਨ ਦੀ ਕਾਪੀ ਭੇਂਟ ਕਰਦੇ ਹੋਏ ਕਾਲਜ ਪ੍ਰਬੰਧਕ ਬਾਬਾ ਪ੍ਰੀਤਮ ਦਾਸ ਜੀ



ਸੱਭਿਆਚਾਰਕ ਪ੍ਰੋਗਰਾਮ ਦੌਰਾਨ ਗਿੱਧਾ ਪੇਸ਼ ਕਰਦੀਆਂ ਹੋਈਆਂ ਵਿਦਿਆਰਥਣਾਂ



ਡਾ. ਪਰਮਵੀਰ ਸਿੰਘ (ਮੁੱਖੀ ਐਨ.ਐਸ.ਐਸ. ਵਿਭਾਗ) ਕਾਲਜ ਵਿਖੇ ਪੌਦਾ ਲਾਉਂਦੇ ਹੋਏ ।



ਐਨ.ਐਸ.ਐਸ. ਦੇ ਕੈਂਪ ਦੌਰਾਨ ਕਾਲਜ ਵਿਖੇ ਸਫਾਈ ਕਰਦੀਆਂ ਹੋਈਆਂ ਵਿਦਿਆਰਥਣਾਂ



ਅਥਲੈਟਿਕ ਮੀਟ ਦੌਰਾਨ ਸੰਬੋਧਨ ਕਰਦੇ ਹੋਏ
ਕਾਲਜ ਪ੍ਰਿੰਸੀਪਲ ਡਾ. ਇੰਦਰ ਸਿੰਘ ।



ਸਾਲਾਨਾ ਅਥਲੈਟਿਕ ਮੀਟ ਦੌਰਾਨ ਜੇਤੂ ਵਿਦਿਆਰਥਣਾਂ ਨੂੰ ਸਨਮਾਨਿਤ ਕਰਦੇ ਹੋਏ
ਡਾ. ਸੁਖਦੀਪ ਕੌਰ ਪ੍ਰਿੰਸੀਪਲ ਅਕਾਲ ਕਾਲਜ ਆਫ ਐਜੂਕੇਸ਼ਨ,
ਡਾ. ਅਮਰੀਕ ਸਿੰਘ, ਬਾਬਾ ਪ੍ਰੀਤਮ ਦਾਸ ਜੀ,
ਕਾਲਜ ਪ੍ਰਿੰਸੀਪਲ ਡਾ. ਇੰਦਰ ਸਿੰਘ ਅਤੇ ਸਟਾਫ



ਡਾ. ਸੁਖਦੀਪ ਕੌਰ ਪ੍ਰਿੰਸੀਪਲ ਅਕਾਲ ਕਾਲਜ ਆਫ ਐਜੂਕੇਸ਼ਨ
ਨੂੰ ਸਨਮਾਨਿਤ ਕਰਦੇ ਹੋਏ ਸ੍ਰੀਮਤੀ ਕੁਲਦੀਪ ਕੌਰ ਏ.ਡੀ.ਸੀ. ਸੰਗਰੂਰ



ਅਥਲੈਟਿਕ ਮੁਕਾਬਲਿਆਂ ਵਿਚ ਭਾਗ ਲੈਂਦੀਆਂ ਹੋਈਆਂ
ਵਿਦਿਆਰਥਣਾਂ ।



ਸਾਲਾਨਾ ਅਥਲੈਟਿਕ ਮੀਟ ਦੌਰਾਨ ਬੈਸਟ ਅਥਲੀਟ ਮਨਪ੍ਰੀਤ ਕੌਰ ਨੂੰ ਸਨਮਾਨਿਤ ਕਰਦੇ ਹੋਏ ਡਾ. ਡੀ.ਐਸ. ਧੂਰੀਆ, ਬਾਬਾ ਪ੍ਰੀਤਮ ਦਾਸ ਜੀ,
ਕਾਲਜ ਪ੍ਰਿੰਸੀਪਲ ਡਾ. ਇੰਦਰ ਸਿੰਘ ਜੀ ਅਤੇ ਸਟਾਫ



ਸ਼੍ਰੀਮਤੀ ਪੂਨਮਦੀਪ ਕੌਰ ਏ.ਡੀ.ਸੀ. ਸੰਗਰੂਰ ਕਾਲਜ ਮੈਗਜ਼ੀਨ
"ਨਵੀਂ ਉਮੰਗ" ਸਾਲ 2016-17 ਰਿਲੀਜ਼ ਕਰਦੇ ਹੋਏ



ਬੈਸਟ ਹਾਊਸ ਦੀ ਜੇਤੂ ਟਰਾਫੀ
ਮੁੱਖ ਮਹਿਮਾਨ ਡਾ. ਬੀ.ਐਸ. ਪੂਨੀਆ
ਤੋਂ ਪ੍ਰਾਪਤ ਕਰਦੇ ਹੋਏ ਮਾਤਾ ਸੁੰਦਰੀ ਜੀ ਹਾਊਸ
ਦੀਆਂ ਖਿਡਾਰਣਾਂ ਅਤੇ ਇੰਚਾਰਜ ਸਾਹਿਬਾਨ ।



ਸ਼੍ਰੀਮਤੀ ਪੂਨਮਦੀਪ ਕੌਰ ਏ.ਡੀ.ਸੀ ਸੰਗਰੂਰ
ਨੂੰ ਸਨਮਾਨਿਤ ਕਰਦੇ ਹੋਏ ਬਾਬਾ ਪ੍ਰੀਤਮ ਦਾਸ ਜੀ,
ਪ੍ਰਿੰਸੀਪਲ ਉਂਕਾਰ ਸਿੰਘ ਅਤੇ ਮਹਿਮਾਨ